Vigilance Bhawan, Sector 68, S.A.S.Nagar
Phone: 2217100-200 (Control Room & Fax)

ਵਿਜੀਲੈਂਸ ਭਵਨ, ਸੈਕਟਰ 68, ਐਸ.ਏ.ਐਸ.ਨਗਰ
ਫੋਨ: 2217100-200 (ਕੰਟਰੋਲ ਰੂਮ ਅਤੇ ਫੈਕਸ)

ਸੇਵਾ ਵਿਖੇ

ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ।

PSLG

CEO/PWSSB

ਨੰਬਰ 20910 /ਵਬ/ਏ.ਐਸ-6 ਮਿਤੀ 5/4/19

**ਵਿਸ਼ਾ:-** ਸਿਕਾਇਤ ਨੰਬਰ 34/2019 ਬਰਨਾਲਾ ਵਿਰੁੱਧ ਗਿਰਧਾਰੀ ਲਾਲ ਅੱਗਰਵਾਲ ਕੰਟਰੈਕਟਰਜ਼ ਪ੍ਰਾਈਵੇਟ ਸੀਵਰੇਜ ਬੋਰਡ ਬਰਨਾਲਾ।

ਯਾਦ-ਪੱਤਰ

ਪ੍ਰਾਰਥਣ ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਦਰਸ਼ਨ ਸਿੰਘ ਅਤੇ ਹੋਰ ਵਾਸੀ ਪਿੰਡ ਸੰਘੇੜਾ ਤਹਿਸੀਲ ਵਾ ਜਿਲਾ ਬਰਨਾਲਾ ਵਲੋਂ ਸ਼ਿਕਾਇਤ ਇਸ ਦਫਤਰ ਵਿਖੇ ਪ੍ਰਾਪਤ ਹੋਈ ਹੈ ਜੋ ਇਸ ਦਫਤਰ ਵਿੱਚ ਵਿਚਾਰਨ ਉਪਰੰਤ ਮੂਲ ਰੂਪ ਵਿੱਚ ਆਪ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣੇ ਪੱਧਰ ਤੇ ਬਣਦੀ ਯੋਗ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਪ੍ਰਾਰਥੀ ਨੂੰ ਵੀ ਸੂਚਿਤ ਕੀਤਾ ਜਾਵੇ। ਵਿਜੀਲੈਂਸ ਬਿਊਰੋ ਵਲੋਂ ਇਸ ਮਾਮਲੇ ਸਬੰਧੀ ਕੋਈ ਪੜਤਾਲ ਨਹੀਂ ਕੀਤੀ ਗਈ ਹੈ ਜੀ।

ਇਸ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ।

ਸੁਪਰਡੰਟ (ਕਰਾਇਮ-1),
ਵਾ: ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

ਨੱਥੀ: 1.ਸਿਕਾਇਤ ਮੂਲ ਰੂਪ ਵਿੱਚ 1 ਵਰਕ

ਨੰਬਰ /ਵਬ/ਏ.ਐਸ-6 ਮਿਤੀ

ਉਪਰੋਕਤ ਦਾ ਉਤਾਰਾ ਪ੍ਰਾਰਥਣ ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਦਰਸ਼ਨ ਸਿੰਘ ਅਤੇ ਹੋਰ ਵਾਸੀ ਪਿੰਡ ਸੰਘੇੜਾ ਤਹਿਸੀਲ ਵਾ ਜਿਲਾ ਬਰਨਾਲਾ (ਮੋ:ਨੰ: 94656-16310) ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

Diary No. 9819
Dated 11/4/19

ਸੁਪਰਡੰਟ (ਕਰਾਇਮ-1),
ਵਾ: ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2019/ਵ-3/ 8818 ਮਿਤੀ: 25/4/19

ਉਪਰੋਕਤ ਦੀ ਨਕਲ ਸਮੇਤ ਸਹਿਲਗ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਕੇ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ।

ਨੱਥੀ/ਰਿਕਾਰਡ ਅਨੁਸਾਰ

ਮਾਨਯੋਗ ਇੰਚਾਰਜ ਵਿਜੀਲੈਂਸ,
ਬਰਨਾਲਾ।

ਵਿਸ਼ਾ:- ਸਵੀਰੇਜ ਬੋਰਡ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਠੇਕੇਦਾਰ(ਗਿਰਧਾਰੀ ਲਾਲ ਅੱਗਰਵਾਲ ਕੋਨਟਰੈਕਟਰਸ ਪ੍ਰਾਇਵੇਟ ਲਿਮ:541 ਸੈਕਟਰ-21 ਪੰਚਕੁਲਾ) ਵੱਲੋ ਸੀਵਰੇਜ ਪਾਉਣ ਤੇ ਗਲੀਆ ਬਣਵਾਉਣ ਸਮੇ ਅਣਗਹਿਲੀ ਵਰਤਣ ਕਾਰਨ ਸਾਡੇ ਘਰੇ ਦੇ ਹੋਏ ਨੁਕਸਾਨ ਦਾ ਮੁਹਾਫਜਾ ਜਾਂ ਘਰ ਬਣਾ ਕੇ ਦੇਣ ਸਬੰਧੀ ਅਤੇ ਠੇਕੇਦਾਰ ਤੇ ਬਣਦੀ ਕਾਰਵਾਈ ਕਰਨ ਸਬੰਧੀ ਬਿਨੈ ਪੱਤਰ।

CNo34/2019 BNL

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀ ਸੁਖਵਿੰਦਰ ਕੌਰ(ਅੱਤਵਾਦੀ ਪੀੜਤ) ਪਤਨੀ ਦਰਸ਼ਨ ਸਿੰਘ,2 ਜਸਵਿੰਦਰ ਸਿੰਘ ਪੁੱਤਰ ਕਾਹਨ ਸਿੰਘ, 3. ਮਨਪ੍ਰੀਤ ਕੌਰ ਪਤਨੀ ਲੇਟ ਸੁਖਵਿੰਦਰ ਸਿੰਘ ਵਾਸੀਆਨ: ਪਿੰਡ ਸੰਘੇੜਾ ਤਹਿਸੀਲ ਵਾ ਜਿਲ੍ਹਾ ਬਰਨਾਲਾ ਦੇ ਰਹਿਣ ਵਾਲੇ ਹਾਂ।

ਇਹ ਕਿ ਪਿੰਡ ਸੰਘੇੜਾ ਵਿਖੇ ਠੇਕੇਦਾਰ(ਗਿਰਧਾਰੀ ਲਾਲ ਅੱਗਰਵਾਲ ਕੋਨਟਰੈਕਟਰਸ ਪ੍ਰਾਇਵੇਟ ਲਿਮ:541 ਸੈਕਟਰ-21 ਪੰਚਕੁਲਾ) ਵੱਲੋ ਸਵਿਰੇਜ ਬੋਰਡ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਠੇਕੇਦਾਰ(ਗਿਰਧਾਰੀ ਲਾਲ ਅੱਗਰਵਾਲ ਕੋਨਟਰੈਕਟਰਸ ਪ੍ਰਾਇਵੇਟ ਲਿਮ:541 ਸੈਕਟਰ-21 ਪੰਚਕੁਲਾ) ਵੱਲੋ ਸੀਵਰੇਜ ਤੇ ਗਲੀਆ ਬਣਵਾਉਣ ਸਮੇ ਬਹੁਤ ਘਟੀਆ ਸਮਾਨ ਵਰਤੀਆ ਗਿਆ ਸੀ ਅਤੇ ਸੀਵਰੇਜ ਤੇ ਨਾਲੀਆ ਬਣਾਉਣ ਤੋ ਬਆਦ ਗਲੀਆ ਪੱਟ ਦਿੱਤੀਆ ਅਤੇ ਗਲੀਆ ਪੱਟ ਦੇ ਵਿੱਚਕਾਰ ਰੋੜੀਆਂ ਦੇ ਢੇਰ ਲੱਗਾ ਦਿੱਤੇ ਅਤੇ ਉਸ ਤੋਂ ਬਆਦ ਕਈ ਦਿਨਾਂ ਤੱਕ ਪਟੀਆ ਗਲੀਆ ਨਹੀਂ ਬਣਾਇਆ ਅਤੇ ਉਸ ਤੋਂ ਬਆਦ ਭਾਰੀ ਮੀਹ ਪੈਣ ਕਾਂਰਨ ਮੀਹ ਦੇ ਪਾਣੀ ਦਾ ਨਿਕਾਸ ਕਿਸੇ ਹੋਰ ਪਾਸੇ ਨਾ ਹੋਣ ਕਾਰਨ ਮੀਹ ਦਾ ਪਾਣੀ ਸਾਡੇ ਘਰਾਂ ਅੰਦਰ ਵੜ ਗਿਆ ਅਤੇ ਸਾਡੇ ਘਰਾਂ ਦੀਆਂ ਨੀਹਾਂ ਅਤੇ ਫਰਸ ਬੈਠ ਗਏ ਅਤੇ ਘਰ ਦੀਆਂ ਕੰਧਾ ਵਿੱਚ ਤਰੇੜਾ ਪੈ ਗਿਆ ਹਨ, ਜਿਸ ਕਾਰਨ ਸਾਡਾ ਸੁਖਵਿੰਦਰ ਕੌਰ ਪਤਨੀ ਦਰਸ਼ਨ ਸਿੰਘ (6,00,000/- ਰੁਪੈ) ਅਤੇ ਜਸਵਿੰਦਰ ਸਿੰਘ ਪੁੱਤਰ ਕਾਹਨ ਸਿੰਘ (6,00,000/- ਰੁਪੈ) ਅਤੇ ਮਨਪ੍ਰੀਤ ਕੌਰ ਪਤਨੀ ਲੇਟ ਸੁਖਵਿੰਦਰ ਸਿੰਘ (10,00,000/- ਰੁਪੈ) ਦਾ ਮਾਲੀ ਨੁਕਸਾਨ ਹੋ ਗਿਆ ਹੈ।

ਇਹ ਕਿ ਕੰਧਾਂ ਦੀਆ ਤਰੇੜਾ ਪਹਿਲਾ ਨਾਲੋ ਵੱਡੀਆ ਹੋ ਗਈਆ ਹਨ ਅਤੇ ਕਿਸੇ ਵੀ ਸਮੇ ਘਰ ਢਿਰਣ ਦਾ ਖਤਰਾ ਬਣਿਆ ਹੋਇਆ ਹੈ ਅਤੇ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਜੇਕਰ ਘਰ ਗਿਰਣ ਕਾਰਨ ਸਾਡਾ ਕੋਈ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਜੁੰਮੇਵਾਰ ਠੇਕੇਦਾਰ(ਗਿਰਧਾਰੀ ਲਾਲ ਅੱਗਰਵਾਲ ਕੋਨਟਰੈਕਟਰਸ ਪ੍ਰਾਇਵੇਟ ਲਿਮ:541 ਸੈਕਟਰ-21 ਪੰਚਕੁਲਾ) ਹੋਵੇਗਾ।

ਸੋ ਆਪ ਜੀ ਨੂੰ ਬੇਨਤੀ ਸਾਡੇ ਹੋਏ ਨੁਕਸਾਨ ਦਾ ਮੁਹਾਫਜਾ ਦਿੱਤਾ ਜਾਵੇ ਜਾਂ ਸਾਡੇ ਘਰ ਬਣਕੇ ਦਿੱਤੇ ਜਾਣ ਤਾਂ ਜੋ ਕੋਈ ਵੱਡੀ ਘਟਨਾ ਨਾ ਵਾਪਰੇ ਅਤੇ ਠੇਕੇਦਾਰ(ਗਿਰਧਾਰੀ ਲਾਲ ਅੱਗਰਵਾਲ ਕੋਨਟਰੈਕਟਰਸ ਪ੍ਰਾਇਵੇਟ ਲਿਮ:541 ਸੈਕਟਰ-21 ਪੰਚਕੁਲਾ) ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਜੀ ਅਤੇ ਘਰਾਂ ਦੇ ਹੋਏ ਨੁਕਸਾਨ ਦੀਆ ਫੋਟੋਆ ਨਾਲ ਨੱਥੀ ਹਨ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਮਿਤੀ:..................

ਆਪ ਜੀ ਦੇ ਵਿਸ਼ਵਾਸਪਾਤਰ,.

ਸੁਖਵਿੰਦਰ ਕੌਰ(ਅੱਤਵਾਦੀ ਪੀੜਤ) ਪਤਨੀ ਦਰਸ਼ਨ ਸਿੰਘ
ਵਾਸੀ: ਪਿੰਡ ਸੰਘੇੜਾ ਤਹਿਸੀਲ ਵਾ ਜਿਲ੍ਹਾ ਬਰਨਾਲਾ।
ਮੋ: 62391-79536/94656-16310.

ਸੁਖਵਿੰਦਰ ਕੌਰ

ਜਸਵਿੰਦਰ ਸਿੰਘ ਪੁੱਤਰ ਕਾਹਨ ਸਿੰਘ ਵਾਸੀ: ਪਿੰਡ ਸੰਘੇੜਾ ਤਹਿਸੀਲ ਵਾ ਜਿਲ੍ਹਾ